Roll No. ........................ Total Pages : 5

# 4055/MJ

**F–41/2051**

**PUNJABI COMPULSORY**

Paper–V

Semester–II

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ-ੳ

1. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਕਵਿਤਾ ਦਾ ਸਾਰ ਲਿਖੋ: 10

   (ੳ) ਬਿਨਫਸ਼ਾਂ ਦਾ ਫੁੱਲ

   (ਅ) ਤਾਜ ਮਹਲ

   (ੲ) ਅੱਜ ਆਖਾਂ ਵਾਰਸ ਸ਼ਾਹ ਨੂੰ।



2. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 5

   (ੳ) ਧਰਮੀ ਬਾਬਲ ਪਾਪ ਕਮਾਇਆ
   ਲੜ ਲਾਇਆ ਸਾਡੇ ਫੁਲ ਕੁਮਲਾਇਆ
   ਜਿਸ ਦਾ ਇੱਛਰਾਂ ਰੂਪ ਹੰਡਾਇਆ
   ਮੈਂ ਪੂਰਨ ਦੀ ਮਾਂ! ਪੂਰਨ ਦੇ ਹਾਣ ਦੀ।

   (ਅ) ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ।
   ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
   ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ।
   ਅੱਖ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।

   (ੲ) ਇਹ ਬੇਪਰਵਾਹ ਪੰਜਾਬ ਦੇ,
   ਮੌਤ ਨੂੰ ਮਖੌਲਾਂ ਕਰਨ,
   ਮਰਨ ਥੀਂ ਨਹੀਂ ਡਰਦੇ।

3. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਇਕਾਂਗੀ ਦਾ ਸਾਰ ਲਿਖੋ: 10

(ੳ) ਉਧਾਲੀ ਹੋਈ ਕੁੜੀ

(ਅ) ਬਗਾਨੇ ਬੋਹੜ ਦੀ ਛਾਂ

(ੲ) ਅਪਮਾਨ।

**ਭਾਗ–ਅ**

4. ਹੇਠ ਦਿੱਤੇ ਗਏ ਵਿਸ਼ਿਆਂ ਉੱਤੇ ਸੰਖੇਪ ਨਿਬੰਧ ਰਚਨਾ ਕਰੋ: 10

(ੳ) ਗੁਰਮੁਖੀ ਲਿਪੀ ਦਾ ਨਿਕਾਸ

(ਅ) ਗੁਰਬਾਣੀ ਲਿਪੀ ਦੀ ਸੰਰਚਨਾ

(ੲ) ਗੁਰਬਾਣੀ ਵਿਚ ਭਾਸ਼ਾਈ ਵੰਨ-ਸੁਵੰਨਤਾ।

5. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਗੁਰਬਾਣੀ ਕਾਵਿ-ਰੂਪ ਬਾਰੇ ਵਿਸਥਾਰਪੂਰਵਕ ਚਰਚਾ ਕਰੋ: 10

(ੳ) ਪਹਿਰੇ

(ਅ) ਸੋਹਿਲਾ

(ੲ) ਘੋੜੀ।



**ਭਾਗ–ੲ**

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 15×2=30

(i) ਪ੍ਰੋ. ਮੋਹਨ ਸਿੰਘ ਨੂੰ ਸਾਹਿਤ ਅਕਾਦਮੀ ਐਵਾਰਡ ਕਦੋਂ ਮਿਲਿਆ?

(ii) ਪੰਜਾਬੀ ਸਾਹਿਤ ਦੇ ਕੋਈ ਪੰਜ ਕਵੀਆਂ ਦੇ ਨਾਂ ਦੱਸੋ।

(iii) ਤੁਹਾਡੀ ਪਾਠ ਪੁਸਤਕ ਵਿਚ ਦਰਜ 'ਦੇਸ਼ ਪਿਆਰ' ਕਵਿਤਾ ਕਿਸਦੀ ਹੈ?

(iv) ਧਨੀ ਰਾਮ ਚਾਤ੍ਰਿਕ ਦਾ ਜਨਮ ਕਦੋਂ ਹੋਇਆ?

(v) ਤੁਹਾਡੀ ਪਾਠ ਪੁਸਤਕ ਵਿਚ ਦਰਜ 'ਹਨੀਮੂਨ' ਇਕਾਂਗੀ ਕਿਸਦੀ ਹੈ?

(vi) ਪੰਜਾਬੀ ਸਾਹਿਤ ਦੇ ਕੋਈ ਪੰਜ ਇਕਾਂਗੀਕਾਰਾਂ ਦੇ ਨਾਂ ਦੱਸੋ।

(vii) 'ਇਕਾਂਗੀ-ਯਾਤਰਾ' ਕਿਤਾਬ ਦੇ ਸੰਪਾਦਕ ਦਾ ਨਾਂ ਦੱਸੋ।

(viii) ਪੰਜਾਬੀ ਨਾਟਕ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ?

(ix) ਪੰਜਾਬੀ ਭਾਸ਼ਾ ਲਈ ਕਿਹੜੀਆਂ ਲਿਪੀਆਂ ਦੀ ਵਰਤੋਂ ਕੀਤੀ ਜਾਂਦੀ ਹੈ?

(x) 'ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ' ਪੁਸਤਕ ਕਿਸਦੀ ਹੈ?

(xi) ਪਹਿਰੇ।

(xii) ਸੋਹਿਲੇ।

(xiii) ਨਾਂਵ।

(xiv) ਸੰਬੰਧਕ।

(xv) ਕਿਰਿਆ।